## ਵਿਦਿਆਰਥੀਆਂ ਲਈ ਏਜੰਡੇ ਅਤੇ ਪਲੈਨਰ

ਵਿਦਿਆਰਥੀਆਂ ਲਈ ਏਜੰਡੇ/ਪਲੈਨਰ, ਆਪਣੇ ਬੱਚੇ ਦੀ ਪੜ੍ਹਾਈ ਵਿਚ ਮਦਦ ਕਰਨ ਵਿਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਉਹ ਤੁਹਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦਿੰਦੇ ਹਨ:

- ਤੁਹਾਡਾ ਬੱਚਾ ਕੀ ਪੜ੍ਹ ਰਿਹਾ ਹੈ।
- ਤੁਹਾਡੇ ਬੱਚੇ ਨੂੰ ਘਰ ਨੂੰ ਦਿੱਤੇ ਕੰਮ ਅਤੇ ਵਾਪਸ ਕਰਨ ਦੀਆਂ ਤਾਰੀਖਾਂ।
- ਟੀਚਰਾਂ ਦੇ ਪ੍ਰੋਫੈਸ਼ਨਲ ਡਿਵੈਲਪਮੈਂਟ (ਪੇਸ਼ਾਵਰ ਵਿਕਾਸ) ਦੇ ਦਿਨ ਅਤੇ ਉਹ ਦਿਨ ਜਦੋਂ ਸਕੂਲ ਨਹੀਂ ਲੱਗਦਾ।
- ਤੁਹਾਡੇ ਬੱਚੇ ਦੇ ਪੜ੍ਹਾਈ ਦੇ ਅਤੇ ਨਿੱਜੀ ਟੀਚੇ ਅਤੇ ਸਰਗਰਮੀਆਂ, ਅਤੇ ਇਨ੍ਹਾਂ ਟੀਚਿਆਂ ਤੱਕ ਪਹੁੰਚਣ ਵੱਲ ਉਸ ਦੀ ਤਰੱਕੀ।

ਵਿਦਿਆਰਥੀਆਂ ਲਈ ਏਜੰਡੇ/ਪਲੈਨਰ, ਟੀਚਰਾਂ ਅਤੇ ਮਾਪਿਆਂ ਵਲੋਂ ਵਿਦਿਆਰਥੀ ਦੀ ਤਰੱਕੀ ਬਾਰੇ ਇਕ ਦੂਜੇ ਨਾਲ ਗੱਲਬਾਤ ਕਰਨ ਲਈ ਵੀ ਵਰਤੇ ਜਾ ਸਕਦੇ ਹਨ।

**ਹਰ ਰੋਜ਼ ਸਕੂਲ ਤੋਂ ਬਾਅਦ ਆਪਣੇ ਬੱਚੇ ਦਾ ਏਜੰਡਾ/ਪਲੈਨਰ ਚੈੱਕ ਕਰਨਾ ਯਾਦ ਰੱਖੋ।**

**"Student Agendas and Planners"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜ਼ੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਵਿਦਿਆਰਥੀਆਂ ਲਈ ਏਜੰਡੇ ਅਤੇ ਪਲੈਨਰ



## *ਉਹ ਕੀ ਹਨ?*
## *ਉਹ ਕਿਵੇਂ ਵਰਤੇ ਜਾਂਦੇ ਹਨ?*

# ਵਿਦਿਆਰਥੀਆਂ ਲਈ ਏਜੰਡੇ ਅਤੇ ਪਲੈਨਰ



## ਵਿਦਿਆਰਥੀਆਂ ਲਈ ਏਜੰਡੇ ਅਤੇ ਪਲੈਨਰ ਕੀ ਹਨ?

ਵਿਦਿਆਰਥੀਆਂ ਲਈ ਏਜੰਡੇ/ਪਲੈਨਰ, ਵਿਦਿਆਰਥੀਆਂ ਲਈ ਵਧਾਏ ਹੋਏ ਕਲੰਡਰ ਹਨ। ਉਹ ਅਕਸਰ ਗਰੇਡ 4 ਤੋਂ ਸ਼ੁਰੂ ਕੀਤੇ ਜਾਂਦੇ ਹਨ। ਵਿਦਿਆਰਥੀ ਇਨ੍ਹਾਂ ਦੀ ਵਰਤੋਂ, ਆਪਣੇ ਘਰ ਨੂੰ ਦਿੱਤੇ ਕੰਮ ਨੂੰ ਵਿਉਂਤਬੰਦ ਕਰਨ, ਕੰਮ ਦੇਣ ਦੀਆਂ ਅੰਤਿਮ ਤਾਰੀਖਾਂ ਲਿਖਣ, ਅਤੇ ਆਪਣੇ ਪੜ੍ਹਾਈ ਦੇ ਅਤੇ ਨਿੱਜੀ ਟੀਚੇ ਅਤੇ ਸਰਗਰਮੀਆਂ ਨੂੰ ਵਿਉਂਤਬੰਦ ਕਰਨ ਲਈ ਕਰਦੇ ਹਨ। ਵਿਦਿਆਰਥੀਆਂ ਲਈ ਏਜੰਡੇ/ਪਲੈਨਰ, ਟੀਚਰਾਂ ਅਤੇ ਮਾਪਿਆਂ ਵਲੋਂ ਇਕ ਦੂਜੇ ਨਾਲ ਸੰਪਰਕ ਕਰਨ ਲਈ ਵੀ ਵਰਤੇ ਜਾਂਦੇ ਹਨ।

## ਵਿਦਿਆਰਥੀਆਂ ਲਈ ਏਜੰਡੇ/ਪਲੈਨਰਾਂ ਵਿਚ ਅਕਸਰ ਇਹ ਚੀਜ਼ਾਂ ਸ਼ਾਮਲ ਹੁੰਦੀਆਂ ਹਨ:

- ਸਕੂਲ ਦੇ ਟੀਚੇ।
- ਸਕੂਲ ਦੇ ਨਿਯਮ/ਉਮੀਦ ਕੀਤੇ ਜਾਂਦੇ ਵਤੀਰੇ।
- ਵਿਦਿਆਰਥੀ ਦਾ ਟਾਈਮ ਟੇਬਲ/ਪ੍ਰੋਗਰਾਮ।
- ਹਾਜ਼ਰੀ ਬਾਰੇ ਨੋਟ।
- ਸਕੂਲ ਬੋਰਡ/ਸਕੂਲ ਦੀਆਂ ਮਹੱਤਵਪੂਰਨ ਪਾਲਸੀਆਂ।
- ਸਕੂਲ ਦੀਆਂ ਸਰਗਰਮੀਆਂ (ਜਿਵੇਂ ਕਿ ਕਲੱਬਾਂ ਅਤੇ ਖੇਡਾਂ ਦੇ ਪ੍ਰੋਗਰਾਮ)।
- ਇਹ ਜਾਣਕਾਰੀ ਕਿ ਸਹੀ ਪੁਸਤਕ-ਸੂਚੀ (ਬਿਬਲੋਗ੍ਰਾਫੀ) ਕਿਵੇਂ ਲਿਖਣੀ ਹੈ।
- ਸਾਲ ਦਾ ਕਲੰਡਰ, ਕੈਨੇਡਾ ਦੀਆਂ ਮਹੱਤਵਪੂਰਨ ਛੁੱਟੀਆਂ ਸਮੇਤ।
- ਘਰ ਨੂੰ ਦਿੱਤਾ ਕੰਮ ਅਤੇ ਵਾਪਸ ਕਰਨ ਦੀਆਂ ਤਾਰੀਖਾਂ ਲਿਖਣ ਲਈ ਥਾਂ।

## ਵਿਦਿਆਰਥੀਆਂ ਲਈ ਏਜੰਡੇ/ਪਲੈਨਰਾਂ ਵਿਚ ਇਹ ਚੀਜ਼ਾਂ ਵੀ ਸ਼ਾਮਲ ਹੋ ਸਕਦੀਆਂ ਹਨ:

- ਕੈਨੇਡਾ ਅਤੇ ਅਮਰੀਕਾ ਦੇ ਨਕਸ਼ੇ।
- ਦੁਨੀਆਂ ਦੇ ਮਹਾਂਦੀਪਾਂ ਦੇ ਨਕਸ਼ੇ।
- ਕਮਿਸਟਰੀ ਪੀਰੀਔਡਿਕ ਖਾਨਾ।
- ਵਿਆਕਰਨ (ਗ੍ਰਾਮਰ) ਬਾਰੇ ਜਾਣਕਾਰੀ।
- ਹਿਸਾਬ ਦੀ ਗੁਣਾ ਬਾਰੇ ਖਾਨਾ।
- ਆਮ ਗਲਤ ਲਿਖੇ ਜਾਂਦੇ ਸ਼ਬਦਾਂ ਦੀ ਲਿਸਟ।
- ਪੜ੍ਹਾਈ ਦੇ ਟੀਚੇ ਤਹਿ ਕਰਨ ਵਿਚ ਵਿਦਿਆਰਥੀਆਂ ਦੀ ਮਦਦ ਕਰਨ ਲਈ ਜੁਗਤਾਂ (ਅਕਾਦਮਿਕ ਅਤੇ ਨਿੱਜੀ)।
- ਜ਼ਰੂਰੀ ਟੈਲੀਫੋਨ ਨੰਬਰਾਂ ਲਈ ਥਾਂ।